Citoyenneté et Immigration Canada | Citizenship and Immigration Canada

# ਇਮੀਗ੍ਰੇਸ਼ਨ ਵਿੱਚ ਧੋਖੇ ਦੀ ਚਿਤਾਉਣੀ!

## ਕੀ ਇਸ ਤਰ੍ਹਾਂ ਦੇ ਇਮੀਗ੍ਰੇਸ਼ਨ ਦੇ ਪ੍ਰਸਤਾਵ ਮਿਲ ਰਹੇ ਹਨ?

ਕਨੇਡਾ ਵਿਚ ਵੀਜ਼ਾ ਅਤੇ ਨੌਕਰੀਆਂ ਦੀ ਗਰੰਟੀ!

ਵਰਕ ਪਰਮਿਟ ਦੀ ਗਰੰਟੀ! ਮੁਫਤ ਵਜੀਫਾ! ਕਨੇਡਾ ਵਿੱਚ ਉੱਚੀ ਤਨਖ਼ਾਹ ਦੀਆਂ ਨੌਕਰੀਆਂ ਜਿੰਨ੍ਹਾਂ ਵਿੱਚ ਘੱਟ ਤੋਂ ਘੱਟ ਜਾਂ ਕਿਸੀ ਵੀ ਅਨੁਭਵ ਦੀ ਜ਼ਰੂਰਤ ਨਹੀਂ ਹੈ! ਮੁਫਤ ਹਵਾਈ ਜਹਾਜ ਟਿਕਟ ਅਤੇ ਨਿਵਾਸ! ਨੌਕਰੀ ਦੀ ਗਰੰਟੀ! ਖ਼ਾਸ ਪ੍ਰੋਗਰਾਮ! ਹੋਟਲ ਵਿੱਚ ਸਫਾਈ ਕਰਨ ਵਾਲੇ ਦੀ ਹੈਸੀਅਤ ਤੋਂ $4,000 ਹਰ ਮਹੀਨੇ ਕਮਾਓ!

**ਇਸ ਤਰ੍ਹਾਂ ਦੀ ਧੋਖੇਬਾਜ਼ੀ ਦਾ ਸ਼ਿਕਾਰ ਨਾ ਬਣੋ। ਜੇਕਰ ਪ੍ਰਸਤਾਵ ਇਨਾਂ ਚੰਗਾ ਹੈ ਕਿ ਉਸ 'ਤੇ ਵਿਸ਼ਵਾਸ ਕਰਨਾ ਔਖਾ ਹੈ ਤਾਂ ਸ਼ਾਇਦ ਉਹੀ ਸਹੀ ਹੈ।**

**ਤੁਹਾਡੇ ਲਈ ਕਿਹੜੀ ਜਾਣਕਾਰੀ ਪ੍ਰਾਪਤ ਕਰਨਾ ਜ਼ਰੂਰੀ:**

- ਕਨੇਡੀਅਨ ਵੀਜ਼ਾ ਅਤੇ ਸਿਟੀਜ਼ਨਸ਼ਿਪ ਲਈ ਅਰਜ਼ੀ ਦੇਣ ਲਈ ਤੁਹਾਨੂੰ ਕਿਸੀ ਇਮੀਗ੍ਰੇਸ਼ਨ ਦੇ ਪ੍ਰਤਿਨਿਧੀ (ਏਜੰਟ) ਦੀ ਜ਼ਰੂਰਤ **ਨਹੀਂ** ਹੈ।
- ਇਮੀਗ੍ਰੇਸ਼ਨ ਦੇ ਪ੍ਰਤਿਨਿਧੀ (ਏਜੰਟ) ਦਾ ਕਨੇਡੀਅਨ ਸਰਕਾਰ ਦੇ ਅਫਸਰਾਂ ਨਾਲ ਕੋਈ ਵਿਸ਼ੇਸ਼ ਸਬੰਧ **ਨਹੀਂ ਹੈ** ਅਤੇ ਉਹ ਤੁਹਾਨੂੰ ਵੀਜ਼ਾ ਦੀ ਗਰੰਟੀ **ਨਹੀਂ ਦੇ ਸਕਦੇ** ਹਨ।
- ਕਨੇਡੀਅਨ ਐਮਬੱਸੀ, ਹਾਈ ਕਮਿਸ਼ਨ ਅਤੇ ਕਾਊਂਸੁਲੇਟ ਦੇ ਸਿਰਫ **ਅਧਿਕਾਰਤ ਅਧਿਕਾਰੀ** ਹੀ ਨਿਸ਼ਚਿਤ ਕਰ ਸਕਦੇ ਹਨ ਕਿ ਵੀਜ਼ਾ ਦਿੱਤਾ ਜਾਣਾ ਚਾਹੀਦਾ ਹੈ ਜਾਂ ਨਹੀਂ।
- ਜਾਅਲੀ ਦਸਤਾਵੇਜ਼ਾਂ ਦਾ ਉਪਯੋਗ ਕਰਨ ਦੇ ਲਾਲਚ ਵਿੱਚ ਨਾ ਆਓ ਕਿਉਂ ਕਿ ਉਸ ਨਾਲ ਤੁਹਾਡੀ ਅਰਜ਼ੀ ਰੱਦ ਕਰ ਦਿੱਤੀ ਜਾਵੇਗੀ।
- ਇਨਟਰਨੈੱਟ ਦੀ ਧੋਖੇਬਾਜ਼ੀ ਅਤੇ ਜਾਅਲੀ ਵੈਬਸਾਈਟਾਂ ਤੋਂ ਸਾਵਧਾਨ ਰਹੋ। ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਕਨੇਡਾ (ਸੀ.ਆਈ.ਸੀ. - CIC) ਦੀ ਅਧਿਕਾਰਤ ਵੈਬਸਾਈਟ ਹੈ www.cic.gc.ca।
- ਤੁਹਾਨੂੰ ਕਿਸੀ ਵੀ ਤਰ੍ਹਾਂ ਦੇ ਵੀਜ਼ੇ ਲਈ **ਅਰਜ਼ੀ ਦੇ ਮੁਫਤ ਫਾਰਮ ਅਤੇ ਗਾਈਡ** ਸੀ.ਆਈ.ਸੀ. (CIC) ਦੀ ਵੈਬਸਾਈਟ 'ਤੇ ਮਿਲਣਗੇ।
- ਸਾਰੀ ਦੁਨੀਆ ਦੇ ਕਨੇਡੀਅਨ ਵੀਜ਼ਾ ਆਫਿਸ ਵਿੱਚ ਅਰਜ਼ੀ ਦੀ ਫੀਸ ਇੱਕ ਸਮਾਨ ਹੀ ਹੈ। ਸਰਕਾਰੀ ਐਕਸਚੇਂਜ ਰੇਟਜ਼ ਦੇ ਅਧਾਰ ਤੇ ਸਥਾਨਕ ਮੁਦਰਾ ਵਿੱਚ ਫੀਸ ਨਿਸ਼ਚਿਤ ਕੀਤੀ ਜਾਂਦੀ ਹੈ ਅਤੇ ਕਨੇਡੀਅਨ ਡਾਲਰ ਵਿੱਚ ਫੀਸ ਦੇ ਬਰਾਬਰ ਹੁੰਦੀ ਹੈ।
- ਕਨੇਡੀਅਨ ਵੀਜ਼ਾ ਦੇ ਦਫਤਰ ਕਿਸੀ ਦੇ ਵਿਅਕਤੀਗਤ ਬੈਂਕ ਅਕਾਊਂਟ ਵਿੱਚ ਪੈਸਾ ਜਮ੍ਹਾਂ ਕਰਨ ਅਤੇ ਕਿਸੀ ਖ਼ਾਸ ਵਿਅਕਤੀਗਤ ਪੈਸਾ ਭੇਜਣ ਵਾਲੀ ਕੰਪਨੀ ਦੇ ਦੁਆਰਾ ਪੈਸਾ ਭੇਜਣ ਲਈ **ਕਦੀ ਨਹੀਂ** ਕਹਿਣਗੇ।
- ਜੇਕਰ ਤੁਹਾਡੇ ਕੋਈ ਸਵਾਲ ਹੋਣ ਤਾਂ ਸੀ.ਆਈ.ਸੀ. (CIC) ਤੋਂ ਜਾਂ ਤੁਹਾਡੇ ਖੇਤਰ ਲਈ ਜ਼ਿੰਮੇਵਾਰ ਵੀਜ਼ਾ ਦਫਤਰ ਨਾਲ ਸੰਪਰਕ ਕਰੋ।

ਵਧੇਰੇ ਜਾਣਕਾਰੀ ਲਈ, ਜਿਸ ਵਿੱਚ ਇਹ ਜਾਣਕਾਰੀ ਵੀ ਸ਼ਾਮਲ ਹੈ, ਜੇਕਰ ਤੁਸੀਂ ਇਮੀਗ੍ਰੇਸ਼ਨ ਦਾ ਪ੍ਰਤਿਨਿਧੀ ਰੱਖਣਾ ਚਾਹੁੰਦੇ ਹੋ ਤਾਂ ਜੇ **ਕਨੂੰਨੀ ਤੌਰ ਤੇ ਤੁਹਾਡਾ ਪ੍ਰਤੀਨਿਧੀ** ਹੈ, ਉਸ ਲਈ ਸੀ.ਆਈ.ਸੀ. (CIC) ਦੀ ਵੈਬਸਾਈਟ 'ਤੇ ਇਮੀਗ੍ਰੇਸ਼ਨ ਦੇ ਪ੍ਰਤਿਨਿਧੀ ਦਾ (Représentant en immigration) ਪੇਜ ਦੇਖੋ (*ਲਿੰਕ ਸਥਾਪਤ ਕਰੋ*)। (http://www.cic.gc.ca/francais/information/representants/index.asp).

Canada